# ਨਸਲੀ ਸਮਾਨਤਾ ਦੇ ਪ੍ਰੋਤਸਾਹਨ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਵਾਤਾਵਰਣ ਸੁਰੱਖਿਆ ਵਿਭਾਗ

ਵਾਤਾਵਰਣ ਸੁਰੱਖਿਆ ਵਿਭਾਗ (EPD) ਵੱਖ-ਵੱਖ ਵਾਤਾਵਰਣਕ ਨੀਤੀਆਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ, ਜਿਸ ਵਿੱਚ ਵਾਤਾਵਰਣ ਕਨੂੰਨ ਨੂੰ ਲਾਗੂ ਕਰਨਾ, ਕੂੜੇ ਦੇ ਨਿਪਟਾਰੇ ਦੀਆਂ ਸੁਵਿਧਾਵਾਂ ਦੇ ਸੰਚਾਲਨ ਦਾ ਪ੍ਰਬੰਧਨ, ਅਤੇ ਨਾਲ ਹੀ ਵਾਤਾਵਰਣ ਸਬੰਧੀ ਜਾਗਰੂਕਤਾ ਨੂੰ ਵਧਾਉਣ ਦੇ ਉਦੇਸ਼ ਨਾਲ ਵੱਖ-ਵੱਖ ਭਾਈਚਾਰੇ ਅਤੇ ਵਿਦਿਅਕ ਗਤੀਵਿਧੀਆਂ ਦਾ ਪ੍ਰਬੰਧਨ, ਆਦਿ ਸ਼ਾਮਲ ਹਨ। EPD ਜਨਤਾ ਦੇ ਸਾਰੇ ਮੈਂਬਰਾਂ ਦੁਆਰਾ, ਉਹਨਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਸਾਡੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਸੁਵਿਧਾਜਨਕ ਬਣਾਉਣ ਵਿੱਚ ਬਹੁਤ ਮਹੱਤਵ ਦਿੰਦਾ ਹੈ।

ਸਬੰਧਤ ਸੇਵਾਵਾਂ

- ਵਾਤਾਵਰਣ ਦੀ ਪਾਲਣਾ

  EPD ਵਾਤਾਵਰਣ ਪਾਲਣਾ ਡਿਵੀਜ਼ਨ ਦੇ ਅਧੀਨ ਆਪਣੇ ਚਾਰ ਖੇਤਰੀ ਦਫਤਰਾਂ ਅਤੇ ਖੇਤਰੀ ਨਿਯੰਤਰਣ ਦਫਤਰ ਦੁਆਰਾ ਪ੍ਰਦੂਸ਼ਣ ਕੰਟਰੋਲ ਆਰਡੀਨੈਂਸਾਂ ਨੂੰ ਲਾਗੂ ਕਰਦਾ ਹੈ। ਦਫਤਰ ਨਿਰੀਖਣ ਕਰਦੇ ਹਨ, ਲਾਇਸੈਂਸ ਦਿੰਦੇ ਹਨ, ਅਤੇ ਸ਼ਿਕਾਇਤਾਂ ਦਾ ਜਵਾਬ ਦਿੰਦੇ ਹਨ।

- **ਕੂੜੇ ਨੂੰ ਘਟਾਉਣਾ ਅਤੇ ਪ੍ਰਬੰਧਨ**

  EPD ਵੱਖ-ਵੱਖ ਕਿਸਮਾਂ ਦੇ ਕੂੜੇ ਨੂੰ ਇਕੱਠਾ ਕਰਨ, ਟ੍ਰਾਂਸਫਰ, ਇਲਾਜ ਕਰਨ ਅਤੇ ਨਿਪਟਾਰੇ ਲਈ ਸਹੂਲਤਾਂ ਦਾ ਪ੍ਰਬੰਧਨ ਕਰਦਾ ਹੈ। ਲੋਕਾਂ ਨੂੰ ਕੂੜੇ ਨੂੰ ਨਵਿਆਉਣ ਅਤੇ ਸੋਧਣ ਦੀਆਂ ਪ੍ਰਕਿਰਿਆਵਾਂ ਦੀ ਬਿਹਤਰ ਸਮਝ ਹਾਸਲ ਕਰਨ ਦੇ ਯੋਗ ਬਣਾਉਣ ਲਈ, ਕੁਝ ਕੁ ਰਹਿੰਦ-ਖੂੰਹਦ ਨੂੰ ਸੋਧਣ ਦੀਆਂ ਸੁਵਿਧਾਵਾਂ ਵਿੱਚ ਸੇਧਿਤ ਟੂਰ ਉਪਲਬਧ ਹਨ। ਇਸ ਤੋਂ ਇਲਾਵਾ, ਭਾਈਚਾਰੇ ਵਿੱਚ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਲਈ, ਰਹਿੰਦ-ਖੂੰਹਦ ਘਟਾਉਣ ਵਾਲੀ ਵੈੱਬਸਾਈਟ ਹਾਂਗਕਾਂਗ ਵਿੱਚ ਕੂੜਾ ਬਣਾਉਣ, ਕਟੌਤੀ, ਨਵਿਆਉਣ ਅਤੇ ਪ੍ਰਬੰਧਨ ਬਾਰੇ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ।

- **ਗਾਹਕ ਸੇਵਾਵਾਂ ਕੇਂਦਰ (CSC)**

  CSC ਹੌਟਲਾਈਨ 28383111 ਰਾਹੀਂ ਸੇਵਾਵਾਂ ਦੀ ਇੱਕ ਵਿਆਪਕ ਲੜੀ ਪ੍ਰਦਾਨ ਕਰਦਾ ਹੈ, ਜਿਸ ਵਿੱਚ ਪ੍ਰਦੂਸ਼ਣ ਸ਼ਿਕਾਇਤ ਰਜਿਸਟ੍ਰੇਸ਼ਨ,

ਪੁੱਛਗਿੱਛ ਸੇਵਾਵਾਂ, ਕਾਰੋਬਾਰੀ ਭਾਈਚਾਰੇ ਲਈ ਹੈਲਪਡੈਸਕ ਸੇਵਾ ਅਤੇ EPD ਦੀਆਂ ਸੇਵਾਵਾਂ 'ਤੇ ਤਾਜ਼ਾ ਖ਼ਬਰਾਂ ਸ਼ਾਮਲ ਹਨ।

| | |
|---|---|
| ਮੌਜੂਦਾ ਮਾਪ | • EPD ਵਾਤਾਵਰਣਕ ਅਪਰਾਧਾਂ ਦੇ ਸਬੰਧ ਵਿੱਚ ਬਿਆਨ ਦੇਣ ਲਈ ਵੱਖ ਵੱਖ ਨਸਲ ਦੇ ਲੋਕਾਂ ਵਾਸਤੇ ਸੈਂਟਰ ਫਾਰ ਹਾਰਮੋਨੀ ਐਂਡ ਇਨਹਾਂਸਮੈਂਟ ਆਫ ਐਥਨਿਕ ਮਾਈਨੋਰਿਟੀ ਰੈਜ਼ੀਡੈਂਟਸ (CHEER) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਦੁਭਾਸ਼ੀਆ ਸਹਾਇਤਾ ਸੇਵਾਵਾਂ ਦੀ ਮੰਗ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਬੰਧਿਤ ਕਨੂੰਨਾਂ ਨੂੰ ਸਮਝ ਸਕਣ ਅਤੇ ਆਪਣੇ ਅਧਿਕਾਰਾਂ ਬਾਰੇ ਜਾਣ ਸਕਣ।<br>• ਰਹਿੰਦ-ਖੂੰਹਦ ਨੂੰ ਸੋਧਣ ਦੀਆਂ ਸੁਵਿਧਾਵਾਂ ਦੇ ਮੁਲਾਕਾਤੀ ਕੇਂਦਰ ਕੈਂਟੋਨੀਜ਼, ਪੁਟੋਂਗਹੁਆ, ਅਤੇ ਅੰਗਰੇਜ਼ੀ ਵਿੱਚ ਮਾਰਗ-ਦਰਸ਼ਨ ਕੀਤੇ ਟੂਰ ਪ੍ਰਦਾਨ ਕਰਾਉਂਦੇ ਹਨ। ਜੇ ਵਿਭਿੰਨ ਨਸਲ ਦੇ ਲੋਕਾਂ ਤੋਂ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ, ਤਾਂ ਅਸੀਂ ਲੋੜੀਂਦੀ ਸਹਾਇਤਾ ਦੀ ਪੇਸ਼ਕਸ਼ ਕਰਨ ਲਈ ਉਚਿਤ ਵਧੀਕ ਉਪਾਅ ਕਰਨ 'ਤੇ ਵਿਚਾਰ ਕਰਾਂਗੇ।<br>• ਵੰਨ-ਸੁਵੰਨੀ ਨਸਲ ਦੇ ਲੋਕਾਂ ਨੂੰ "ਕਲੀਨ ਰੀਸਾਈਕਲਿੰਗ" ਬਾਰੇ ਮੁੱਖ ਸੰਦੇਸ਼ਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ, ਪ੍ਰਚਾਰ ਸਮੱਗਰੀਆਂ ਦੋਭਾਸ਼ੀ ਹਨ ਅਤੇ ਪੋਸਟਰ ਚਾਰ ਭਾਸ਼ਾਵਾਂ ਵਿੱਚ ਹਨ (ਉਦਾਹਰਨ ਲਈ ਚੀਨੀ, ਅੰਗਰੇਜ਼ੀ, ਫਿਲੀਪੀਨੋ ਅਤੇ ਇੰਡੋਨੇਸ਼ੀਆਈ)।<br>• ਵਿਭਿੰਨ ਨਸਲ ਦੇ ਗੈਰ-ਚੀਨੀ/ਅੰਗਰੇਜ਼ੀ ਬੋਲਣ ਵਾਲੇ ਲੋਕਾਂ ਦੀਆਂ ਕਾਲਾਂ ਚੱਕਣ ਵੇਲੇ, CSC ਸਥਾਪਿਤ ਕੀਤੀਆਂ ਪ੍ਰਕਿਰਿਆਵਾਂ ਦੇ ਅਨੁਸਾਰ CHEER ਦੁਆਰਾ ਪ੍ਰਦਾਨ ਕੀਤੀ ਦੁਭਾਸ਼ੀਆ ਸਹਾਇਤਾ ਸੇਵਾ ਦੀ ਮੰਗ ਕਰੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਵੰਨ-ਸੁਵੰਨੀ ਨਸਲ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਦੇ ਦ੍ਰਿਸ਼ਟੀਕੋਣ ਨਾਲ, ਅਸੀਂ ਸਮੇਂ-ਸਮੇਂ 'ਤੇ ਸੇਵਾਵਾਂ ਦੀ ਸਮੀਖਿਆ ਕਰਨੀ ਜਾਰੀ ਰੱਖਾਂਗੇ। |
| ਕੀਤੇ ਗਏ/ ਕੀਤੇ ਜਾਣ ਵਾਲੇ ਵਾਧੂ | • ਨਸਲੀ ਭੇਦਭਾਵ ਆਰਡੀਨੈਂਸ ਅਤੇ ਸਬੰਧਿਤ ਸੋਧਾਂ ਬਾਰੇ ਸਿਖਲਾਈ/ਸੰਖੇਪ ਜਾਣਕਾਰੀ ਦਾ ਬੰਦੋਬਸਤ ਅਮਲੇ ਵਾਸਤੇ ਕੀਤਾ ਜਾਣਾ |

| | |
|---|---|
| ਉਪਾਅ | ਜਾਰੀ ਰਹੇਗਾ ਤਾਂ ਜੋ ਨਸਲੀ ਬਰਾਬਰਤਾ ਬਾਰੇ ਉਹਨਾਂ ਦੀ ਜਾਗਰੁਕਤਾ, ਅਤੇ ਇਸ ਪ੍ਰਤੀ ਸੰਵੇਦਨਸ਼ੀਲਤਾ ਵਿੱਚ ਵਾਧਾ ਕੀਤਾ ਜਾ ਸਕੇ। |

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਬਾਰੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਨਾਲ ਸਬੰਧਿਤ ਪੁੱਛਗਿੱਛਾਂ ਵਾਸਤੇ, ਕਿਰਪਾ ਕਰਕੇ ਨਿਮਨਲਿਖਤ ਚੈਨਲਾਂ ਰਾਹੀਂ Mr.Terence Tsoi - ਸੀਨੀਅਰ ਵਿਕਾਸ ਅਫਸਰ (ਕਾਰਪੋਰੇਟ ਅਫੇਅਰਜ਼) ਨਾਲ ਸੰਪਰਕ ਕਰੋ –

ਟੈਲੀਫੋਨ ਨੰਬਰ. : 2835 1583
ਫੈਕਸ ਨੰ, : 2834 8845
ਈਮੇਲ : lctsoi@epd.gov.hk
ਡਾਕ ਪਤਾ : 25/F., Southorn Centre, 130 Hennessy Road, Wan Chai, Hong Kong

**ਵਾਤਾਵਰਣ ਸੁਰੱਖਿਆ ਵਿਭਾਗ**
**ਜੁਲਾਈ 2023**